# ਪ੍ਰਗਟ ਭਏ ਗੁਰ ਤੇਗ ਬਹਾਦਰ

ਮੁੱਖ-ਸੰਪਾਦਕ
ਡਾ. ਸਤਵੰਤ ਕੌਰ ਮਾਨ

ਸੰਪਾਦਕ
ਅੰਮ੍ਰਿਤਪਾਲ ਕੌਰ ਵਿਰਕ

Scanned with OKEN Scanner

ਅੰਮ੍ਰਿਤਪਾਲ ਕੌਰ ਵਿਰਕ, ਤੇਜਿੰਦਰ ਸਿੰਘ, ਸੰਦੀਪ ਕੌਰ, ਪੈਮਲ ਪ੍ਰੀਤ ਕੌਰ, ਅਨੀਤਾ ਦੇਵੀ, ਕੁਲਦੀਪ ਸਿੰਘ, ਪਰਵੀਨ ਕੌਰ, ਡਾ. ਸੰਦੀਪ ਸਿੰਘ, ਖੋਜਾਰਥੀ ਸਤਿੰਦਰ ਕੌਰ, ਅਰਜੁਨ ਸਿੰਘ, ਬੇਅੰਤ ਕੌਰ ਸਿੱਧੂ। ਮੈਂ ਇਨ੍ਹਾਂ ਸਭ ਸਹਿਯੋਗੀਆਂ ਦੀ ਬਹੁਤ-ਬਹੁਤ ਧੰਨਵਾਦੀ ਹਾਂ। ਸੋ ਪ੍ਰਾਪਤ ਪਰਚਿਆਂ ਨੂੰ ਪੁਸਤਕ ਰੂਪ ਤੱਕ ਦੀ ਸੰਪੂਰਨਤਾ ਦਾ ਕਾਰਜ ਨੇਪਰੇ ਚੜ੍ਹਾਉਣ ਹਿੱਤ ਸਭ ਤੋਂ ਪਹਿਲਾਂ ਅਕਾਲ ਪੁਰਖ ਦੀ ਸ਼ੁਕਰਗੁਜਾਰ ਹਾਂ।

ਆਸ ਹੈ ਕਿ ਇਸ ਕਿਤਾਬ ਵਿੱਚ ਜੋ ਪਰਚੇ ਛਾਪੇ ਗਏ ਹਨ ਜਿਗਿਆਸੂ ਇਸ ਤੋਂ ਭਰਪੂਰ ਲਾਹਾ ਉਠਾਉਣਗੇ ਅਤੇ ਉਨ੍ਹਾਂ ਨੂੰ ਇਸ ਵਿੱਚੋਂ ਕੁੱਝ ਸਿੱਖਣ ਨੂੰ ਮਿਲੇਗਾ।

**ਅੰਮ੍ਰਿਤਪਾਲ ਕੌਰ ਵਿਰਕ**
ਪੰਜਾਬੀ ਵਿਭਾਗ
ਮਾਤਾ ਸੁੰਦਰੀ ਖ਼ਾਲਸਾ ਗਰਲਜ਼ ਕਾਲਜ
ਨੀਸਿੰਗ, ਕਰਨਾਲ



# ਤਤਕਰਾ

| | | ਪੰਨਾ ਨੰ. |
|---|---|---|
| 1. | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ — ਡਾ. ਸਰਬਜੀਤ ਸਿੰਘ | 1-14 |
| 2. | ਨਾਸ਼ਮਾਨਤਾ ਦੀ ਸੂਝ ਦਾ ਸੰਕਲਪ : ਗੁਰੂ ਤੇਗ ਬਹਾਦਰ ਬਾਣੀ — ਡਾ. ਕੁਲਦੀਪ ਸਿੰਘ | 15-33 |
| 3. | ਮਨੁੱਖੀ ਅਧਿਕਾਰਾਂ ਦੇ ਰਾਖੇ ਗੁਰੂ ਤੇਗ ਬਹਾਦਰ ਜੀ (ਜੀਵਨ, ਬਾਣੀ ਅਤੇ ਬਲਿਦਾਨ ਦੇ ਹਵਾਲੇ ਨਾਲ) — ਡਾ. ਪਰਮਜੀਤ ਕੌਰ ਸਿੱਧੂ | 34-45 |
| 4. | ਗੁਰੂ ਤੇਗ ਬਹਾਦੁਰ ਜੀ ਦਾ ਲਾਸਾਨੀ ਫ਼ਲਸਫ਼ਾ — ਡਾ. ਗੁਰਿੰਦਰ ਸਿੰਘ | 46-50 |
| 5. | ਗੁਰੂ ਤੇਗ ਬਹਾਦਰ ਜੀ : ਜੀਵਨ ਅਤੇ ਦਰਸ਼ਨ — ਡਾ. ਸੁਖਜੀਤ ਕੌਰ | 51-59 |
| 6. | ਗੁਰੂ ਤੇਗ ਬਹਾਦਰ ਜੀ ਦੀ ਗੌਰਵਮਈ ਸ਼ਹਾਦਤ, ਪ੍ਰਭਾਵ ਅਤੇ ਬਾਣੀ ਸੰਦੇਸ਼ — ਡਾ. ਜਗਜੀਤ ਕੌਰ | 60-75 |
| 7. | ਗੁਰੂ ਤੇਗ ਬਹਾਦਰ : ਜੀਵਨ, ਬਾਣੀ ਅਤੇ ਸ਼ਹਾਦਤ ਦਾ ਮਾਨਵੀ ਪਰਿਪੇਖ — ਡਾ. ਤਿਲਕ ਰਾਜ | 76-83 |
| 8. | ਸ੍ਰੀ ਗੁਰੂ ਤੇਗ ਬਹਾਦਰ ਜੀ : ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ — ਡਾ. ਸੁਖਵਿੰਦਰ ਕੌਰ ਕੰਵਲ | 84-87 |
| 9. | ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਦਾਰਸ਼ਨਿਕ ਚਿੰਤਨ — ਡਾ. ਗਗਨਦੀਪ ਕੌਰ | 88-101 |
| 10. | ਗੁਰੂ ਭੈਣ : ਬੀਬੀ ਵੀਰੋ ਜੀ — ਡਾ. ਗੁਰਬਾਜ ਸਿੰਘ | 102-107 |
| 11. | ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ — ਡਾ. ਗੁਰਜਿੰਦਰ ਕੌਰ | 108-112 |
| 12. | ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਸਦਾਚਾਰੀ ਜੀਵਨ — ਡਾ. ਸਿਮਰਤ ਪਾਲ | 113-117 |



Scanned with OKEN Scanner

# ਸ੍ਰੀ ਗੁਰੂ ਤੇਗ ਬਹਾਦਰ ਜੀ :
## ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ

ਡਾ. ਸੁਖਵਿੰਦਰ ਕੌਰ ਕੰਵਲ*

ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਦੇ ਅਤੇ ਆਜ਼ਾਦੀ ਦੇ ਰਾਖੇ ਦੇ ਤੌਰ 'ਤੇ ਜਾਣੇ ਜਾਂਦੇ ਹਨ। ਜਦੋਂ ਹਿੰਦੂ ਸੰਸਕ੍ਰਿਤੀ ਮੁਸਲਮਾਨੀ ਹੱਲਿਆਂ ਦੀ ਮਾਰ ਨਾ ਝੱਲਦੇ ਹੋਏ ਡਗਮਗਾ ਗਈ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਨਾਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਹਮਲਾਵਰਾਂ ਨੇ ਭਾਰਤ ਦੀ ਧਾਰਮਿਕ ਮਾਨਤਾ, ਬੋਲ ਬਾਣੀ ਪਹਿਰਾਵਾ, ਖਾਣ-ਪੀਣ ਅਤੇ ਰਹਿਣ-ਸਹਿਣ ਸਭ ਕੁੱਝ 'ਤੇ ਹੀ ਹਮਲਾ ਕਰ ਦਿੱਤਾ ਸੀ ਅਤੇ ਹਾਲਾਤ ਬਹੁਤ ਹੀ ਤਰਸਯੋਗ ਹੋ ਚੁੱਕੇ ਸਨ। ਇਸ ਸਮੇਂ ਭਗਤੀ ਲਹਿਰ ਦਾ ਪ੍ਰਭਾਵ ਵੀ ਪੂਰੇ ਜੋਰਾਂ 'ਤੇ ਸੀ। ਪਰ ਗੁਰੂ ਸਾਹਿਬ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਭਗਤੀ ਲਹਿਰ ਦੇ ਸੰਤਾਂ ਨਾਲੋਂ ਕਾਫ਼ੀ ਵੱਖਰੇ ਸਨ। ਉਹ ਬ੍ਰਹਮਗਿਆਨੀ ਤਾਂ ਸਨ ਹੀ, ਸਵੈਮਾਨੀ ਵੀ ਸਨ ਅਤੇ ਹਿੰਦੁਸਤਾਨ ਦਾ ਕੌਮੀ ਸ੍ਵੈਮਾਨ ਗਰਕ ਹੁੰਦਾ ਵੇਖ ਕੇ ਸਹਿ ਨਾ ਸਕੇ ਅਤੇ ਉਚਾਰਿਆ:

"ਜੇ ਜੀਵੈ ਪਤਿ ਲਥੀ ਜਾਇ।
ਸਭੁ ਹਰਾਮੁ ਜੇਤਾ ਕਿਛੁ ਖਾਇ।" (ਆਸਾ ਦੀ ਵਾਰ)

ਅਤੇ ਨਾਲ ਹੀ ਫਰਮਾਇਆ-

ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ। (ਆਸਾ ਦੀ ਵਾਰ)

ਮਨੁੱਖ ਦੇ ਬੁਨਿਆਦੀ ਜੀਵ ਦੇ ਅਧਿਕਾਰ ਨੂੰ ਬੜੀ ਬੇਦਰਦੀ ਨਾਲ ਕੁਚਲਿਆ ਜਾ ਰਿਹਾ ਸੀ। ਇਸ ਦੇ ਵਿਰੁੱਧ ਇੱਕਲਾ ਆਦਮੀ ਕੁੱਝ ਵੀ ਕਰ ਸਕਣ ਦੇ ਅਸਮਰਥ ਸੀ। ਸੋ ਜ਼ੁਲਮ ਦੇ ਵਿਰੁੱਧ ਲਹਿਰ ਨੂੰ ਯੋਜਨਾਬੱਧ ਤਰੀਕੇ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰਗੱਦੀ ਨੂੰ ਦੱਸ ਜਾਮਿਆਂ ਵਿੱਚ ਚਲਾਇਆ ਗਿਆ। ਥਾਂ-ਥਾਂ ਸੰਗਤਾਂ ਕਾਇਮ ਕੀਤੀਆਂ, ਧਰਮਸਾਲਾਂ ਥਾਪੀਆਂ ਗਈਆਂ, ਲੰਗਰ ਪ੍ਰਥਾ ਦਾ ਆਰੰਭ ਕੀਤਾ ਗਿਆ ਅਤੇ ਹਥਿਆਰਾਂ ਦੀ ਵਰਤੋਂ ਦੀ ਵੀ ਯੋਗ ਅਗਵਾਈ ਦਿੱਤੀ ਗਈ। ਨੇਕੀ ਦੀ ਸ਼ਕਤੀ ਨੂੰ ਸੰਗਠਿਤ ਕਰਕੇ ਬਦੀ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਗੁਰੂ ਨਾਨਕ ਗਰਲਜ਼ ਕਾਲਜ ਸੰਤਪੁਰਾ, ਯਮੁਨਾਨਗਰ।





ਵਿਰੁੱਧ ਲਾਮਬੰਦ ਕੀਤਾ ਗਿਆ। ਭਗਤੀ ਅਤੇ ਸ਼ਕਤੀ ਨੂੰ ਇੱਕਠਿਆ ਕੀਤਾ ਗਿਆ। ਸਿੱਖ ਨੂੰ ਮਾਲਾ ਫੜ ਕੇ ਇਕਾਂਤ ਵਾਸ ਲੈਣ ਤੋਂ ਵਰਜਿਆ ਗਿਆ ਅਤੇ ਸਿਰ ਤਲੀ ਤੇ ਰੱਖਣ ਲਈ ਪ੍ਰੇਰਿਤ ਕੀਤਾ ਗਿਆ, ਤਾਂ ਕਿ ਨੇਕੀ ਦੀ ਬਦੀ ਉਤੇ ਜਿੱਤ ਨਿਸ਼ਚਿਤ ਕੀਤੀ ਜਾ ਸਕੇ।

ਜਉ ਤਉ ਪ੍ਰੇਮ ਖੇਲਣ ਕਾ ਚਾਉ,
ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤ ਮਾਰਗਿ ਪੈਰੁ ਧਰੀਜੈ,
ਸਿਰੁ ਦੀਜੈ ਕਾਣਿ ਨ ਕੀਜੈ। (ਸ੍ਰੀ ਗੁਰੂ ਨਾਨਕ ਦੇਵ ਜੀ)

ਭਾਵੇਂ ਜਬਰ ਜ਼ੁਲਮ ਦੇ ਖਿਲਾਫ ਕਈ ਵਿਰੋਧ ਉੱਠੇ ਪਰ ਉਹ ਸਭ ਵਿਅਕਤੀਗਤ ਸਨ, ਸੰਗਠਿਤ ਨਹੀਂ ਸਨ। ਸਿੱਖ ਗੁਰੂਆਂ ਨੇ ਇਸਨੂੰ ਇਕਜੁੱਟਤਾ ਨਾਲ ਜਥੇਬੰਦ ਹੋਕੇ ਚਲਾਇਆ। ਇਹ ਦਸਾਂ ਗੁਰੂ ਸਾਹਿਬਾਨਾਂ ਦਾ ਜ਼ੁਲਮ ਦੇ ਵਿਰੁੱਧ ਮੁਹਾਜ਼ ਸੀ, ਜਿਸ ਦਾ ਆਰੰਭ ਨਾਨਕ ਪਾਤਸ਼ਾਹ ਦਵਾਰਾ ਇਹ ਕਹਿ ਕੇ ਹੁੰਦਾ ਹੈ:

'ਰਾਜੇ ਸੀਹ ਮੁਕਦਮ ਕੁਤੇ'

ਅਤੇ

ਪਾਪ ਦੀ ਜੰਞ ਲੈ ਕਾਬਲੋਂ ਧਾਇਆ
ਜੋਰੀ ਮੰਗੇ ਦਾਨ ਵੇ ਲਾਲੋ। (ਸ੍ਰੀ ਗੁਰੂ ਨਾਨਕ ਦੇਵ ਜੀ)

ਇਹ ਵਿਦਰੋਹ ਅਜਿਹਾ ਸੀ, ਜਿਸ ਦਾ ਆਰੰਭ 'ਰਬਾਬ' ਰਾਹੀਂ ਹੋਕੇ 'ਨਗਾਰੇ' ਤਕ ਪਹੁੰਚਦਾ ਹੈ, ਜਿਸ ਵਿੱਚ ਮੀਰੀ ਤੇ ਪੀਰੀ ਦੋਹਾਂ ਤਲਵਾਰਾਂ ਨੂੰ ਧਾਰਨ ਕੀਤਾ ਜਾਂਦਾ ਹੈ, ਭਗਤੀ ਅਤੇ ਸ਼ਕਤੀ ਦਾ ਸੁਮੇਲ ਇਸ ਵਿੱਚ ਹੈ ਅਤੇ ਸੰਤ ਦਾ ਸਿਪਾਹੀ ਵੀ ਹੋ ਜਾਣਾ ਇਸ ਲਹਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਰਾਹੀਂ ਸੁੱਤੀ ਕੌਮ ਨੂੰ ਆਪ ਜਾ ਕੇ ਝੰਜੋੜ ਕੇ ਜਗਾਇਆ। ਗੁਰੂ ਅੰਗਦ ਦੇਵ ਜੀ ਨੇ ਲੋਕਾਂ ਵਿੱਚ ਆਪਣੀ ਬੋਲੀ ਅਤੇ ਲਿੱਪੀ ਪ੍ਰਤੀ ਸ੍ਵੈ-ਮਾਣ ਜਗਾਇਆ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਲੰਗਰ ਅਤੇ ਪੰਗਤ ਰਾਹੀਂ ਜਾਤਪਾਤ ਦਾ ਵਹਿਮ ਤੋੜਿਆ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ 'ਗੁਰੂ ਕਾ ਚੱਕ' ਨਾਮ ਨਾਲ ਕਿਰਤੀਆਂ ਦੀ ਨਵੀਂ ਬਸਤੀ ਵਸਾਈ ਅਤੇ ਸਿੱਖਾਂ ਵਿੱਚ ਨਿਰਭੈਤਾ ਦੀ ਭਾਵਨਾ ਜਗਾਈ-

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭ ਗਾਵਸੀ। (ਸ੍ਰੀ ਗੁਰੂ ਰਾਮਦਾਸ ਜੀ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸਾਂਝਾ ਧਰਮ ਗ੍ਰੰਥ ਸੰਪਾਦਿਤ ਕਰਕੇ ਏਕਤਾ ਨੂੰ ਮਜ਼ਬੂਤ ਕੀਤਾ। ਇਸ ਤੋਂ ਬਾਅਦ ਆਪ ਜੀ ਦੀ ਸ਼ਹਾਦਤ ਨੇ ਇਹ ਸਿੱਧ ਕੀਤਾ ਕਿ ਸਿੱਖੀ ਦੀ ਚੜ੍ਹਾਈ ਨੇ ਮੁਸਲਮਾਨਾਂ ਅੰਦਰ ਖੌਫ ਪੈਦਾ ਕੀਤਾ ਅਤੇ ਉਨ੍ਹਾਂ ਨੇ ਗੁਰੂ ਪਾਤਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਇਸੇ ਸਮੇਂ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਜਿਸ ਦਾ ਭਾਵ ਸੀ ਕਿ ਪੀਰੀ ਭਾਵ ਧਰਮ ਨੂੰ ਤਿਆਗਿਆ

Scanned with OKEN Scanner

ਨਹੀਂ, ਸਗੋਂ ਮੀਰੀ ਭਾਵ ਰਾਜਨੀਤਿਕ ਸੱਤਾ ਵੀ ਧਾਰਨ ਕਰ ਲਈ ਹੈ। ਛਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾ ਦੀ ਥਾਂ ਤੇਗਾਂ ਲਿਸ਼ਕੀਆਂ ਅਤੇ ਛੋਟੇ-ਛੋਟੇ ਯੁੱਧ ਵੀ ਹੋਏ। ਸ੍ਰੀ ਗੁਰੂ ਹਰਿ ਰਾਇ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਧਾਰਮਿਕ ਅਤੇ ਰਾਜਸੀ ਆਜ਼ਾਦੀ ਦੀ ਲਹਿਰ ਦੇ ਪੈਰ ਮਜ਼ਬੂਤ ਹੋਏ ਅਤੇ ਗੈਰ-ਮੁਸਲਮਾਨ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗੇ। ਇਹ ਗੱਲ ਔਰੰਗਜੇਬ ਵਰਗਾ ਕੱਟੜ ਬਾਦਸ਼ਾਹ ਬਰਦਾਸ਼ਤ ਨਾ ਕਰ ਸਕਿਆ। ਉਹ ਬਹੁਤ ਹੀ ਕੱਟੜ ਅਤੇ ਤੁਅੱਸਬੀ ਸੀ। ਉਸਨੇ ਹਿੰਦੂਆਂ ਦੇ ਮੰਦਰ ਪਾਠਸ਼ਾਲਾਵਾਂ, ਰਸਮਾਂ ਰੀਤਾਂ, ਬਾਹਰੀ ਚਿੰਨ੍ਹ ਆਦਿ ਸਭ ਨੂੰ ਆਪਣੀ ਕੱਟੜਤਾ ਦਾ ਸ਼ਿਕਾਰ ਬਣਾ ਦਿੱਤਾ ਅਤੇ ਗੈਰ ਮੁਸਲਮਾਨਾਂ ਨੂੰ ਧੱਕੇ ਨਾਲ ਹੀ ਮੁਸਲਮਾਨ ਬਨਾਉਣ ਲੱਗ ਪਿਆ ਅਤੇ ਨਾ ਮੰਨਣ ਦੀ ਸੂਰਤ ਵਿੱਚ ਉਹਨਾਂ ਦਾ ਕਤਲੇਆਮ ਕਰਕੇ ਹਉਮੈ ਦਾ ਸਬੂਤ ਦੇਣ ਲੱਗ ਪਿਆ। ਉਸ ਸਮੇਂ ਔਰੰਗਜ਼ੇਬ ਨੇ ਜੋ ਕਨੂੰਨੀ ਫੈਸਲੇ ਕੀਤੇ, ਉਹ ਇਹ ਸਨ- ਛੇ ਮਹੀਨੇ ਤੋਂ ਵਧ ਦਾ ਅਨਾਜ ਇੱਕਠਾ ਨਹੀਂ ਕਰ ਸਕਦੇ, ਘੋੜ ਸਵਾਰੀ ਨਹੀਂ ਕਰ ਸਕਦੇ, ਕਸਮੀਰ ਦੇ ਪੰਡਿਤ ਜੋ ਕਿ ਬਹੁਤ ਵਿਦਵਾਨ ਸਨ, ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ, ਤਾਂ ਕਿ ਇਸਲਾਮ ਧਾਰਨ ਕਰਨ ਤੋਂ ਬਾਅਦ ਉਹ ਪੂਰੀ ਸੁਚੱਜਤਾ ਨਾਲ ਅਤੇ ਆਪਣੀ ਉੱਚੀ ਵਿੱਦਿਆਂ ਦੇ ਬਲ ਨਾਲ ਇਸਲਾਮ ਦਾ ਪ੍ਰਚਾਰ ਕਰ ਸਕਣ। ਨਾਲੇ ਉਸਨੂੰ ਇਹ ਭਰਮ ਵੀ ਸੀ ਕਿ ਜੇ ਕਸ਼ਮੀਰੀ ਪੰਡਿਤ ਮੁਸਲਮਾਨ ਬਣ ਗਏ ਤਾਂ ਬਾਕੀ ਅਨਪੜ ਜਨਤਾ ਨੂੰ ਇਸਲਾਮ ਵਿੱਚ ਲਿਆਉਣਾ ਸੌਖਾ ਹੋ ਜਾਵੇਗਾ। ਉਸਦੀ ਦਮਨਕਾਰੀ ਨੀਤੀ ਇਹ ਸੀ ਕਿ ਰੋਜ਼ ਸਵਾ ਮਣ ਜਨੇਊ ਲਹਿਣਾ ਚਾਹੀਦਾ ਹੈ। ਪੁਸ਼ਤਾਂ ਖ਼ਤਮ ਕਰ ਦਿਉ ਧਰਮ ਆਪਣੇ ਆਪ ਖ਼ਤਮ ਹੋ ਜਾਵੇਗਾ। ਵਿੱਦਿਆ ਖ਼ਤਮ ਕਰੋ ਤਾਂ ਕਿ ਅਗਲੀ ਪੀੜ੍ਹੀ ਨੂੰ ਸੋਝੀ ਹੀ ਨਾ ਆ ਸਕੇ ਤੇ ਸਿੱਟੇ ਵਜੋਂ ਔਰੰਗਜ਼ੇਬ ਦੇ ਜ਼ੁਲਮ ਦੀ ਉਹ ਹਨੇਰੀ ਚੱਲੀ ਕਿ ਕਸ਼ਮੀਰ ਵਿੱਚ ਹਾਹਾਕਾਰ ਮੱਚ ਗਈ।

ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਜ਼ਾਦੀ ਦੀ ਲਹਿਰ ਦੇ ਆਗੂ ਬਣੇ। ਕਸ਼ਮੀਰੀ ਪੰਡਤਾਂ ਦੇ ਫਰਿਆਦ ਕਰਨ ਤੇ ਆਪ ਉਨ੍ਹਾਂ ਨਾਲ ਤੁਰ ਪਏ। ਕਿਉਂਕਿ ਆਪ ਜੀ ਅਨੁਸਾਰ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਹੈ-

'ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ,
ਗਿਆਨੀ ਤਾਹਿ ਬਖਾਨ।' (ਸ੍ਰੀ ਗੁਰੂ ਤੇਗ ਬਹਾਦਰ ਜੀ)

ਆਪ ਆਪਣੇ ਸਿੰਘਾਂ ਸਮੇਤ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਅਨੰਦਪੁਰ ਸਾਹਿਬ ਤੋਂ ਚੱਲ ਪਏ। ਆਗਰੇ ਵਿਖੇ ਆਪਨੂੰ ਗ੍ਰਿਫਤਾਰ ਕਰ ਕੇ ਸਖ਼ਤ ਪਹਿਰੇ ਵਿੱਚ ਦਿੱਲੀ ਲਿਆਂਦਾ ਗਿਆ ਅਤੇ ਚਾਂਦਨੀ ਚੌਂਕ ਕੋਤਵਾਲੀ ਅੰਦਰ ਇਕ ਲੋਹੇ ਦੇ ਪਿੰਜਰੇ ਵਿੱਚ ਰੱਖਿਆ ਗਿਆ। ਆਪਦੇ ਸਾਹਮਣੇ ਆਪ ਜੀ ਦੇ ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਫਿਰ ਆਪ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਆਪ ਨੇ ਤਿਲਕ, ਜੰਞੂ ਅਤੇ ਹਿੰਦੂ ਧਰਮ ਦੀ ਰੱਖਿਆ ਕੀਤੀ। ਔਰੰਗਜੇਬ ਦੀ ਧਾਰਮਿਕ ਕੱਟੜਤਾ ਅਤੇ ਨਿਰਦਈ ਪ੍ਰਵਿਰਤੀ



ਉੱਤੇ ਇਹ ਪਹਿਲੀ ਅਤੇ ਬੜੀ ਹੀ ਗਹਿਰੀ ਚੋਟ ਸੀ। ਮਜ਼ਲੂਮਾਂ ਦੀ ਬਾਂਹ, ਫੜਨਾ ਅਤੇ ਉਨ੍ਹਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਹਲੂਣ ਕੇ ਆਪਣੇ ਅਧਿਕਾਰਾਂ ਅਤੇ ਆਜ਼ਾਦੀ ਪ੍ਰਤੀ ਸੁਚੇਤ ਕਰਨਾ ਹੀ ਆਤਮਕ ਤੌਰ ਤੇ ਜਾਗੇ ਹੋਏ ਮਨੁੱਖ ਦਾ ਫ਼ਰਜ਼ ਹੈ ਅਤੇ ਇਹ ਫਰਜ਼ ਆਪ ਨੇ ਸ਼ਹੀਦ ਹੋਕੇ ਨਿਭਾਇਆ।

ਇਸ ਅਦਭੁੱਤ ਕੁਰਬਾਨੀ ਨੇ ਆਜ਼ਾਦੀ ਦੀ ਲਹਿਰ ਨੂੰ ਇਤਨੀ ਭਾਰੀ ਸ਼ਕਤੀ ਪ੍ਰਦਾਨ ਕੀਤੀ ਕਿ ਖਾਲਸਾ ਦਲ ਖੰਡਾ ਫੜ ਜ਼ੁਲਮ ਨਾਲ ਲੜਨ ਲਈ ਤਿਆਰ ਬਰ ਤਿਆਰ ਹੋ ਗਿਆ ਅਤੇ ਔਰੰਗਜੇਬ ਦੀਆਂ ਨੀਤੀਆਂ ਦੀ ਹਾਰ ਹੋਈ। ਆਪ ਦੀ ਅਦੁੱਤੀ ਸ਼ਹੀਦੀ ਨੇ ਹਿੰਦੁਸਤਾਨ ਦੀ ਸੁੱਤੀ ਪਈ ਅਤੇ ਡਰਦੀ ਕੰਬਦੀ ਜਨਤਾ ਨੂੰ ਵੰਗਾਰਿਆ ਅਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨ ਲਈ ਅਤੇ ਆਪਣੇ ਅਧਿਕਾਰ ਲੈਣ ਲਈ ਸਜਗ ਕੀਤਾ-

ਤੇਗ ਬਹਾਦਰ ਕੇ ਚਲਤ,
ਭਯੋ ਜਗਤ ਕੋ ਸ਼ੋਕ।
ਹੈ ਹੈ ਹੈ ਸਭ ਜਗ ਭਯੋ,
ਜੈ ਜੈ ਜੈ ਸੁਰ ਲੋਕ।

## ਸਹਾਇਕ ਪੁਸਤਕ ਸੂਚੀ

1. ਸ੍ਰੀ ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਅੰਗ/ਪੰਨਾ 142
2. ਉਹੀ, ਅੰਗ/ਪੰਨਾ 360
3. ਉਹੀ, ਅੰਗ/ਪੰਨਾ 301
4. ਉਹੀ, ਅੰਗ/ਪੰਨਾ 722
5. ਸ੍ਰੀ ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ, ਅੰਗ/ਪੰਨਾ 348
6. ਸ੍ਰੀ ਗੁਰੂ ਤੇਗ ਬਹਾਦਰ ਜੀ, ਆਦਿ ਗ੍ਰੰਥ, ਅੰਗ/ਪੰਨਾ 1426
7. ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬਚਿੱਤਰ ਨਾਟਕ, ਅਧਿਆਇ 5

Scanned with OKEN Scanner